## ਮਦਦ ਕਦੋਂ ਲੈਣੀ ਹੈ

ਜੇ ਤੁਹਾਡੇ ਵਿਚ ਇਨ੍ਹਾਂ ਵਿੱਚੋਂ ਕੋਈ ਚੀਜ਼ ਹੋਵੇ ਤਾਂ ਆਪਣੇ ਡਾਕਟਰ ਨੂੰ ਫੋਨ ਕਰੋ:

- 38.5 ਡਿਗਰੀ ਸੈਂਟੀਗਰੇਡ (101 ਡਿਗਰੀ ਫਾਰਨਹਾਈਟ) ਤੋਂ ਉੱਪਰ ਬੁਖਾਰ, ਦਰਦਾਂ, ਅਤੇ ਪਾਲਾ ਲੱਗਣਾ
- ਬਾਇਓਪਸੀ ਵਾਲੀ ਥਾਂ ਦੇ ਦੁਆਲੇ ਜ਼ਿਆਦਾ ਦਰਦ ਜਾਂ ਕੋਈ ਲਾਲੀ।

ਜੇ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਚੀਜ਼ ਹੋਵੇ ਤਾਂ ਆਪਣੇ ਨੇੜੇ ਦੇ ਐਮਰਜੰਸੀ ਡਿਪਾਰਟਮੈਂਟ ਨੂੰ ਜਾਉ ਜਾਂ 9-1-1 ਨੂੰ ਫੋਨ ਕਰੋ:

- ਅਚਾਨਕ ਸਾਹ ਚੜ੍ਹਨਾ
- ਛਾਤੀ ਵਿਚ ਦਰਦ
- ਬਹੁਤ ਜ਼ਿਆਦਾ ਕਮਜ਼ੋਰੀ

### ਹੈਲਥਲਿੰਕ ਬੀ ਸੀ 8-1-1

ਜੇ ਤੁਹਾਡੇ ਮਨ ਵਿਚ ਕੋਈ ਸਵਾਲ ਜਾਂ ਫਿਕਰ ਹੋਣ ਤਾਂ ਕਿਸੇ ਸਮੇਂ ਵੀ ਫੋਨ ਕਰੋ। ਹੈਲਥਲਿੰਕ ਬੀ ਸੀ 24 ਘੰਟੇ ਖੁਲ੍ਹਾ ਹੁੰਦਾ ਹੈ।

130 ਜ਼ਬਾਨਾਂ ਵਿਚ ਉਪਲਬਧ ਹੈ। ਦੋਭਾਸ਼ੀਏ ਲਈ, ਅੰਗਰੇਜ਼ੀ ਵਿਚ ਆਪਣੀ ਜ਼ਬਾਨ ਦਾ ਨਾਂ ਲਉ। ਦੋਭਾਸ਼ੀਏ ਦੇ ਫੋਨ 'ਤੇ ਆਉਣ ਤੱਕ ਉਡੀਕ ਕਰੋ।

## ਸਥਾਨ

| | |
|---|---|
| **Abbotsford-Regional Hospital**<br>Medical Imaging 2nd Floor, Fraser Wing<br>32900 Marshall Road, Abbotsford | 604-851-4866 |
| **BC Cancer Agency**<br>Medical Imaging, 3rd Floor<br>600 West 10th Ave, Vancouver | 604-877-6000 |
| **Chilliwack General Hospital**<br>Medical Imaging, Main Floor<br>45600 Menholm Rd, Chilliwack | 604-795-4122 |
| **Jim Pattison Outpatient Care and Surgery Centre**<br>Medical Imaging, 2nd Floor<br>9750 140th Street, Surrey | 604-533-3308<br>ext. 63926 |
| **Langley Memorial Hospital**<br>Medical Imaging, Main Floor<br>22051 Fraser Highway, Langley | 604-533-6405 |
| **Lions Gate Hospital**<br>Medical Imaging, Lower Level<br>231 East 15th Street, North Vancouver | 604-984-5775 |
| **Peace Arch Hospital**<br>Medical Imaging, Main Floor<br>15521 Russell Ave, White Rock | 604-531-5512 |
| **Richmond Hospital**<br>Medical Imaging, Main Floor<br>7000 Westminster Hwy, Richmond | 604-278-9711 |
| **Ridge Meadows Hospital**<br>Medical Imaging, Main Floor<br>11666 Laity Street, Maple Ridge | 604-463-1800 |
| **Royal Columbian Hospital**<br>Medical Imaging, Columbia Tower<br>330 E. Columbia Street, New Westminster | 604-520-4640 |
| **St. Paul's Hospital**<br>Medical Imaging, 2nd Floor, Providence Building<br>1081 Burrard Street, Vancouver | 604-806-8006 |
| **Surrey Memorial Hospital**<br>Medical Imaging, 1st Floor, Lower Level<br>13750 96th Avenue, Surrey | 604-588-3308 |

www.fraserhealth.ca – www.vch.ca

ਇਹ ਜਾਣਕਾਰੀ ਤੁਹਾਡੇ ਡਾਕਟਰ ਵਲੋਂ ਤੁਹਾਨੂੰ ਦਿੱਤੀ ਗਈ ਸਲਾਹ ਦੀ ਥਾਂ ਨਹੀਂ ਲੈਂਦੀ।

June 2015 FH Catalogue # 264688 Punjabi
VCH Catalogue # ED.200.L58.PU

Punjabi

# ਲਿਵਰ ਬਾਇਓਪਸੀ
# Liver Biopsy



ਪੈਰਵੀ ਲਈ ਹਿਦਾਇਤਾਂ/ਅਪੌਇੰਟਮੈਂਟ:

## ਲਿਵਰ ਬਾਇਓਪਸੀ ਕੀ ਹੈ?

ਲਿਵਰ ਬਾਇਓਪਸੀ ਤੁਹਾਡੇ ਜਿਗਰ ਤੋਂ ਇਕ ਖਾਸ ਸੂਈ ਦੀ ਵਰਤੋਂ ਨਾਲ ਟਿਸ਼ੂ ਦਾ ਇਕ ਛੋਟਾ ਟੁਕੜਾ ਲੈਣਾ ਦਾ ਤਰੀਕਾ ਹੈ। ਲਿਵਰ ਬਾਇਓਪਸੀ ਕਿਸੇ ਵੀ ਉਸ ਵੱਖਰੇਪਣ ਨੂੰ ਚੈੱਕ ਕਰਨ ਲਈ ਕੀਤੀ ਜਾਂਦੀ ਹੈ ਜਿਹੜਾ ਤੁਹਾਡੇ ਹੋਰ ਟੈੱਸਟਾਂ ਵਿਚ ਦਿਖਾਈ ਦਿੱਤਾ ਹੋ ਸਕਦਾ ਹੈ (ਜਿਵੇਂ ਕਿ ਅਲਟਰਾਸਾਊਂਡ, ਐਕਸਰੇ, ਸੀ ਟੀ ਸਕੈਨ ਜਾਂ ਖ਼ੂਨ ਦੇ ਟੈੱਸਟਾਂ ਵਿਚ)। ਇਹ ਪੀਲੀਏ ਦਾ ਕਾਰਨ ਲੱਭਣ ਲਈ, ਜਾਂ ਸਿਰੋਸਿਸ, ਹੈਪੇਟਾਈਟਸ ਜਾਂ ਜਿਗਰ ਦੀ ਕੈਂਸਰ ਚੈੱਕ ਕਰਨ ਲਈ ਵੀ ਕੀਤਾ ਜਾਂਦਾ ਹੈ।

## ਲਿਵਰ ਬਾਇਓਪਸੀ ਕੌਣ ਕਰਦਾ ਹੈ?

ਇਹ ਇਕ ਰੇਡੀਓਲੋਜਿਸਟ (ਡਾਕਟਰ ਜੋ ਚਿੱਤਰਾਂ ਦੀ ਸੇਧ ਨਾਲ ਪ੍ਰੋਸੀਜਰ ਕਰਨ ਦਾ ਮਾਹਰ ਹੁੰਦਾ ਹੈ) ਵਲੋਂ ਕੀਤਾ ਜਾਂਦਾ ਹੈ।

## ਕੀ ਮੈਂ ਆਪਣੇ ਨਾਲ ਕਿਸੇ ਰਿਸ਼ਤੇਦਾਰ ਜਾਂ ਦੋਸਤ ਨੂੰ ਲਿਆ ਸਕਦਾ/ਸਕਦੀ ਹਾਂ?

ਹਾਂ, ਉਹ ਤੁਹਾਡੇ ਨਾਲ ਪ੍ਰੋਸੀਜਰ ਤੋਂ ਪਹਿਲਾਂ ਅਤੇ ਬਾਅਦ ਵਿਚ ਰਹਿ ਸਕਦੇ ਹਨ। ਪਰ ਸੇਫਟੀ ਅਤੇ ਨਿਯਮਾਂ ਦੇ ਕਾਰਨਾਂ ਕਰਕੇ ਉਹ ਪ੍ਰੋਸੀਜਰ ਦੌਰਾਨ ਕਮਰੇ ਵਿਚ ਨਹੀਂ ਹੋ ਸਕਦੇ। ਅਸੀਂ ਤੁਹਾਨੂੰ ਦੱਸਾਂਗੇ ਕਿ ਪਰਿਵਾਰ ਦੇ ਮੈਂਬਰ ਕਿੱਥੇ ਉਡੀਕ ਕਰ ਸਕਦੇ ਹਨ।

## ਕੀ ਮੈਨੂੰ ਆਪਣੀਆਂ ਦਵਾਈਆਂ ਬੰਦ ਕਰਨੀਆਂ ਪੈਣਗੀਆਂ?

ਤੁਹਾਡਾ ਡਾਕਟਰ ਤੁਹਾਨੂੰ ਦੱਸੇਗਾ ਕਿ ਆਪਣੀ ਲਿਵਰ ਬਾਇਓਪਸੀ ਤੋਂ ਪਹਿਲਾਂ ਤੁਹਾਡੇ ਲਈ ਕਿਹੜੀਆਂ ਦਵਾਈਆਂ ਬੰਦ ਕਰਨਾ ਜ਼ਰੂਰੀ ਹੈ।

**ਇਸ ਪ੍ਰੋਸੀਜ਼ਰ ਤੋਂ ਬਾਅਦ ਤੁਹਾਨੂੰ ਘਰ ਲਿਜਾਣ ਲਈ ਕਿਸੇ 'ਜ਼ਿੰਮੇਵਾਰ ਬਾਲਗ' ਦਾ ਪ੍ਰਬੰਧ ਕਰਨਾ ਪੈਣਾ ਹੈ।**

## ਪ੍ਰੋਸੀਜਰ ਤੋ ਪਹਿਲਾਂ ਕੀ ਹੁੰਦਾ ਹੈ?

ਸਾਡਾ ਮੈਡੀਕਲ ਇਮੇਜਿੰਗ ਡਿਪਾਰਟਮੈਂਟ ਖਾਸ ਹਿਦਾਇਤਾਂ ਬਾਰੇ ਦੱਸਣ ਲਈ ਤੁਹਾਡੇ ਨਾਲ ਸੰਪਰਕ ਕਰਦਾ ਹੈ ਕਿ ਇਸ ਪ੍ਰੋਸੀਜਰ ਲਈ ਕਿਵੇਂ ਤਿਆਰ ਹੋਣਾ ਹੈ।

## ਇਸ ਨੂੰ ਕਿੰਨਾ ਸਮਾਂ ਲੱਗੇਗਾ?

ਹਸਪਤਾਲ ਵਿਚ ਘੱਟੋ ਘੱਟ 2 ਘੰਟਿਆਂ ਲਈ ਆਉਣ ਦੀ ਪਲੈਨ ਬਣਾਉ। ਸਕੈਨ ਅਤੇ ਬਾਇਓਪਸੀ ਲਈ ਤਕਰੀਬਨ 1 ਘੰਟਾ ਲੱਗਦਾ ਹੈ ਅਤੇ ਇਸ ਤੋਂ ਬਾਅਦ ਘੱਟੋ ਘੱਟ 1 ਘੰਟਾ ਇਹ ਪੱਕਾ ਕਰਨ ਲਈ ਲੱਗਦਾ ਹੈ ਕਿ ਤੁਸੀਂ ਜਾਣ ਲਈ ਠੀਕ ਹੋ।

## ਪ੍ਰੋਸੀਜਰ ਦੌਰਾਨ ਕੀ ਹੁੰਦਾ ਹੈ?

ਰੇਡੀਓਲੋਜਿਸਟ ਬਾਇਓਪਸੀ ਦੇ ਸਥਾਨ ਬਾਰੇ ਪੱਕਾ ਕਰਨ, ਸਭ ਤੋਂ ਸੁਰੱਖਿਅਤ ਪਹੁੰਚ ਦਾ ਪਤਾ ਲਾਉਣ ਅਤੇ ਟਿਸ਼ੂ ਦਾ ਨਮੂਨਾ ਲੈਣ ਲਈ ਅਲਟਰਾਸਾਊਂਡ ਜਾਂ ਸੀ ਟੀ ਸਕੈਨ ਦੀ ਵਰਤੋਂ ਕਰਦਾ ਹੈ। ਰੇਡੀਓਲੋਜਿਸਟ ਤੁਹਾਡੀ ਚਮੜੀ ਨੂੰ 'ਫਰੀਜ਼' ਕਰਨ ਲਈ ਸੁੰਨ ਕਰਨ ਵਾਲੀ ਦਵਾਈ ਦਾ ਟੀਕਾ ਲਾਉਂਦਾ ਹੈ। ਬਾਇਓਪਸੀ ਸੂਈ ਪਾਉਣ ਵੇਲੇ ਤਹਾਨੂੰ ਕੁਝ ਪਰੈਸ਼ਰ ਮਹਿਸੂਸ ਹੋ ਸਕਦਾ ਹੈ। ਟਿਸ਼ੂ ਦਾ ਨਮੂਨਾ ਲਏ ਜਾਣ ਵੇਲੇ ਤੁਹਾਨੂੰ ਕਲਿਕਿੰਗ ਦੀ ਆਵਾਜ਼ ਸੁਣਾਈ ਦੇਵੇਗੀ। ਟਿਸ਼ੂ ਦੇ ਨਮੂਨੇ ਲੈਣ ਵੇਲੇ ਅਸੀਂ ਤੁਹਾਨੂੰ ਆਪਣਾ ਸਾਹ ਰੋਕਣ ਅਤੇ ਬਹੁਤ ਸਥਿਰ ਰਹਿਣ ਲਈ ਕਹਿੰਦੇ ਹਾਂ। ਇਹ ਹੋ ਜਾਣ ਅਤੇ ਬਾਇਓਪਸੀ ਸੂਈ ਕੱਢ ਲਏ ਜਾਣ ਤੋਂ ਬਾਅਦ ਕਿਸੇ ਵੀ ਬਲੀਡਿੰਗ ਨੂੰ ਰੋਕਣ ਲਈ ਅਸੀਂ ਉਸ ਥਾਂ 'ਤੇ ਦਬਾਅ ਪਾਉਂਦੇ ਹਾਂ।

## ਕੀ ਦੁੱਖ ਲੱਗਦਾ ਹੈ?

ਸੁੰਨ ਕਰਨ ਵਾਲੀ ਦਵਾਈ ਦਾ ਟੀਕਾ ਲਾਉਣ ਵੇਲੇ ਡੰਗ ਲੱਗਦਾ ਜਾਂ ਸਾੜ ਪੈਂਦਾ ਮਹਿਸੂਸ ਹੋ ਸਕਦਾ ਹੈ। ਸੂਈ ਦੇ ਅੰਦਰ ਜਾਣ ਵੇਲੇ ਤੁਹਾਨੂੰ ਕੋਈ ਦਰਦ ਮਹਿਸੂਸ ਨਹੀਂ ਹੋਣੀ ਚਾਹੀਦੀ। ਪਰ, ਟਿਸ਼ੂ ਦਾ ਨਮੂਨਾ ਲਏ ਜਾਣ ਵੇਲੇ ਤੁਸੀਂ ਕੁਝ ਦਬਾਅ ਅਤੇ ਬੇਆਰਾਮੀ ਮਹਿਸੂਸ ਕਰ ਸਕਦੇ ਹੋ।

## ਇਸ ਤੋਂ ਬਾਅਦ ਕੀ ਹੁੰਦਾ ਹੈ?

ਅਸੀਂ ਤੁਹਾਨੂੰ ਰਿਕਵਰੀ ਏਰੀਏ ਵਿਚ ਲਿਜਾਂਦੇ ਹਾਂ ਜਿੱਥੇ ਤੁਸੀਂ 1 ਘੰਟੇ ਲਈ ਲੰਮੇ ਪੈਂਦੇ ਹੋ। ਅਸੀਂ ਕਿਸੇ ਵੀ ਸਮੱਸਿਆ ਲਈ ਤੁਹਾਡੇ 'ਤੇ ਨਿਗਰਾਨੀ ਰੱਖਦੇ ਹਾਂ। ਇਸ ਸਮੇਂ ਦੌਰਾਨ ਅਸੀਂ ਤੁਹਾਡਾ ਬਲੱਡ ਪਰੈਸ਼ਰ, ਦਿਲ ਦੇ ਧੜਕਣ ਦੀ ਦਰ ਅਤੇ ਬਾਇਓਪਸੀ ਵਾਲੀ ਥਾਂ ਚੈੱਕ ਕਰਦੇ ਹਾਂ।

## ਕੀ ਕੋਈ ਖਤਰੇ ਜਾਂ ਸਮੱਸਿਆਵਾਂ ਹਨ?

ਲਿਵਰ ਬਾਇਓਪਸੀ ਆਮ ਤੌਰ 'ਤੇ ਇਕ ਸੁਰੱਖਿਅਤ ਪ੍ਰੋਸੀਜਰ ਹੈ। ਸਮੱਸਿਆਵਾਂ ਬਹੁਤ ਘੱਟ ਆਉਂਦੀਆਂ ਹਨ।

ਜਦੋਂ ਵੀ ਚਮੜੀ ਵਿਚ ਸੁਰਾਖ ਕੀਤਾ ਜਾਂਦਾ ਹੈ ਜਾਂ ਕੱਟ ਲਾਇਆ ਜਾਂਦਾ ਹੈ ਤਾਂ ਇਨਫੈਕਸ਼ਨ ਹੋਣ ਦੀ ਸੰਭਾਵਨਾ ਹੁੰਦੀ ਹੈ। ਹੋਰ ਸੰਭਵ ਸਮੱਸਿਆਵਾਂ ਵਿਚ ਇਹ ਸ਼ਾਮਲ ਹਨ:

- ਬਾਇਓਪਸੀ ਵਾਲੀ ਥਾਂ 'ਤੇ ਬਲੀਡਿੰਗ
- ਫੇਫੜੇ ਦਾ ਕਮਜ਼ੋਰ ਹੋਣਾ (ਨਿਊਮੋਥੋਰੈਕਸ)
- ਅੰਦਰ ਬਲੀਡਿੰਗ ਹੋਣਾ
- ਅੰਤੜੀਆਂ, ਪਿੱਤੇ ਜਾਂ ਗੁਰਦੇ ਨੂੰ ਚੋਟ ਲੱਗਣਾ
- ਪੇਟ ਵਿਚ ਇਨਫੈਕਸ਼ਨ (ਪੈਰੀਟੋਨਾਈਟਸ)

ਸਹਿਮਤੀ (ਕੌਨਸੈਂਟ) ਫਾਰਮ 'ਤੇ ਦਸਖਤ ਕਰਨ ਤੋਂ ਪਹਿਲਾਂ ਤੁਸੀਂ ਖਤਰਿਆਂ ਬਾਰੇ ਸਵਾਲ ਪੁੱਛ ਸਕਦੇ ਹੋ।

## ਮੈਨੂੰ ਨਤੀਜੇ ਕਦੋਂ ਮਿਲਣਗੇ?

ਰੇਡੀਓਲੋਜਿਸਟ ਤੁਹਾਨੂੰ ਦੱਸ ਸਕਦਾ ਹੈ ਕਿ ਕੀ ਟੈੱਸਟ ਲਈ ਕਾਫੀ ਟਿਸ਼ੂ ਮਿਲ ਗਿਆ ਹੈ।

ਟੈੱਸਟ ਦੇ ਨਤੀਜਿਆਂ ਬਾਰੇ ਪਤਾ ਲਾਉਣ ਲਈ, ਉਸ ਡਾਕਟਰ ਨਾਲ ਅਪੌਇੰਟਮੈਂਟ ਬਣਾਉ ਜਿਸ ਨੇ ਇਹ ਟੈੱਸਟ ਕਰਵਾਇਆ ਹੈ।



ਦੂਜੇ ਪਾਸੇ…